# PC–10901/NK

**S–2/2110**

ਆਧੁਨਿਕ ਪੰਜਾਬੀ ਕਾਵਿ–I

(Paper–IV)

Opt. (i)

(Semester–I)

(Regular, Distance Education & Private)

Time : Three Hours] [Maximum Marks : 60

**ਨੋਟ** : ਭਾਗ 'ੳ' ਵਿਚੋਂ ਕੋਈ *ਇਕ* ਪ੍ਰਸ਼ਨ ਕਰੋ ਜਦ ਕਿ ਭਾਗ 'ਅ' ਵਿਚ ਕੋਈ *ਤਿੰਨ* ਪਰ ਕਿਸੇ ਵੀ ਇਕ ਭਾਗ ਵਿਚੋਂ ਦੋ ਪ੍ਰਸ਼ਨ ਕਰਨ ਦੀ ਮਨਾਹੀ ਹੈ। ਭਾਗ 'ੲ' ਦੇ ਸਾਰੇ ਪ੍ਰਸ਼ਨ ਕਰਨੇ ਹਨ।

## ਭਾਗ–ੳ

I. ਬਾਵਾ ਬੁੱਧ ਸਿੰਘ ਕਵਿਤਾ ਦੇ ਭੂਸ਼ਨ ਕਿੰਨਾਂ ਤੱਤਾਂ ਨੂੰ ਮੰਨਦਾ ਹੈ? ਹਰੇਕ ਦਾ ਵਿਸਥਾਰ ਉਦਾਹਰਣਾਂ ਸਹਿਤ ਦਿਓ।

II. ਪੂਰਨ ਸਿੰਘ ਦਾ ਕਾਵਿ ਸਿਧਾਂਤ ਆਵੇਸ਼ ਉਪਰ ਟਿਕਿਆ ਹੋਇਆ ਹੈ। ਇਹ ਆਵੇਸ਼ ਕੀ ਹੈ? ਕੀ ਇਹ ਇਕ ਤੱਤ ਕਵਿਤਾ ਦੀ ਪਛਾਣ ਬਣ ਸਕਦਾ ਹੈ? ਸਪੱਸ਼ਟ ਕਰੋ। 9

# ਭਾਗ-ਅ

## ਅ-1

III. ''ਪੂਰਨ ਨਾਥ ਜੋਗੀ' ਕਵਿਤਾ ਵਿਚ ਪ੍ਰੋ: ਪੂਰਨ ਸਿੰਘ ਵਿੱਛਰਾਂ ਦੇ ਪਾਤਰ ਉਪਰ ਧਿਆਨ ਵਧੇਰੇ ਕੇਂਦ੍ਰਿਤ ਕਰਦਾ ਹੈ, ਟਿੱਪਣੀ ਕਰੋ।

IV. ਪ੍ਰੋ. ਪੂਰਨ ਸਿੰਘ ਦੀ ਪੰਜਾਬੀ ਕਵਿਤਾ ਨੂੰ ਦੇਣ ਬਾਰੇ ਆਪਣੇ ਵਿਚਾਰਾਂ 'ਤੇ ਜਾਣੂ ਕਰਾਓ। ਆਧਾਰ 'ਖੁਲ੍ਹੇ ਮੈਦਾਨ' ਨੂੰ ਬਣਾਓ।

## ਅ-2

V. ਬਾਵਾ ਬਲਵੰਤ ਦੀ ਕਾਵਿ ਚੇਤਨਾ ਉਪਰ ਪਏ ਵੱਖ-ਵੱਖ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰੋ। ਮਿਸਾਲਾਂ 'ਕਾਵਿ ਸਾਗਰ' ਵਿਚ ਦਿਓ।

VI. ਬਾਵਾ ਬਲਵੰਤ ਸੰਤੁਲਿਤ ਪ੍ਰਵਿਰਤੀ ਵਾਲਾ ਕਵੀ ਹੈ ਜਿਸ ਵਿਚ ਸਨਾਤਨਤਾ ਤੇ ਆਧੁਨਿਕਤਾ, ਪਰੰਪਰਾ ਤੇ ਨਵੀਨਤਾ, ਕਲਪਨਾ ਤੇ ਯਥਾਰਥ, ਬੁੱਧੀ ਤੇ ਭਾਵ, ਵਸਤੂ ਤੇ ਰੂਪ ਸਭ ਸੰਤੁਲਨ ਵਿਚ ਆ ਖਲੋਂਦੇ ਹਨ।

## ਅ-3

VII. ਕਵੀ ਵਧੇਰੇ ਲਹਿਰਾਂ ਦੇ ਪ੍ਰਭਾਵ ਅਧੀਨ ਲਿਖਦਾ ਹੈ ਕੀ 'ਸੁਨੇਹੜੇ' ਕਾਵਿ ਸੰਗ੍ਰਹਿ ਸਮਾਨ ਲਹਿਰ ਦੀ ਦੇਣ ਹੈ? ਵਿਚਾਰ ਪ੍ਰਗਟ ਕਰੋ।

VIII. 'ਸੁਨੇਹੜੇ' ਇਸ ਕਾਵਿ ਸੰਗ੍ਰਹਿ ਦੀ ਸਭ ਤੋਂ ਲੰਮੇਰੀ ਕਵਿਤਾ ਹੈ। ਇਸ ਦਾ ਆਲੋਚਨਾਤਮਕ ਅਧਿਐਨ ਪੇਸ਼ ਕਰੋ।

**ਅ-4**

IX. 'ਹਾਸ਼ੀਏ ਦੇ ਹਾਸਲ' ਵਿਚ ਸੰਕਲਿਤ ਕਵਿਤਾ ਪੰਜਾਬ ਵਿਚ ਚਲੀਆਂ ਰਾਜਨੀਤਿਕ, ਸਮਾਜਕ ਲਹਿਰਾਂ ਦੀ ਦੇਣ ਕਹੀ ਜਾ ਸਕਦੀ ਹੈ। ਇਸ ਕਥਨ ਨਾਲ ਸਹਿਮਤੀ ਜਾਂ ਅਸਹਿਮਤੀ ਪ੍ਰਗਟ ਕਰੋ।

X. ਧਰਮ ਨਿਰਪੱਖਤਾ, ਤਰਕ, ਸਥਾਪਤੀ ਦਾ ਵਿਰੋਧ, ਆਰਥਿਕ ਸ਼ਕਤੀ ਆਦਿ ਲੱਛਣ 'ਹਾਸ਼ੀਏ ਦੇ ਹਾਸਲ' ਵਿਚਲੀ ਕਵਿਤਾ ਵਿਚੋਂ ਲੱਭਦੇ ਹਨ। ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ? ਸਪਸ਼ਟ ਕਰੋ।

$9 \times 3 = 27$

## ਭਾਗ-ੲ

XI. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਬਾਵਾ ਬੁੱਧ ਸਿੰਘ ਕਵਿਤਾ ਲਈ ਕਿਸ-ਕਿਸ ਵਸਤ ਦੀ ਲੋੜ ਦੱਸਦਾ ਹੈ?
2. ਬਾਵਾ ਬੁੱਧ ਸਿੰਘ ਕਵਿਤਾ ਵਿਚ ਪਦਾਂ ਦੀ ਤਰਤੀਬ ਬਹੁਤ ਮਹੱਤਵਪੂਰਣ ਮੰਨਦਾ ਹੈ। ਕਿਉਂ?
3. 'ਹੰਸ ਚੋਗ', 'ਕੋਇਲ ਕੂ' ਅਤੇ 'ਬੰਬੀਹਾ ਬੋਲ' ਪੁਸਤਕਾਂ ਕਿਸ ਲੇਖਕ ਦੀਆਂ ਹਨ?

4. 'ਖੁਲ੍ਹੇ ਮੈਦਾਨ' ਪੁਸਤਕ ਦੇ ਕੁਲ ਕਿੰਨੇ ਭਾਗ ਹਨ? ਦੋ ਭਾਗਾਂ ਦੇ ਨਾਂ ਲਿਖੋ।

5. ਪੂਰਨ ਸਿੰਘ ਦੀ ਕਵਿਤਾ ਵਿਚ ਭਾਵੁਕਤਾ।

6. 'ਕਾਵਿ ਸਾਗਰ' ਬਾਵਾ ਬਲਵੰਤ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਉਸ ਦੇ ਦੋ ਹੋਰ ਕਾਵਿ ਸੰਗ੍ਰਿਹਾਂ ਦੇ ਨਾਂ ਲਿਖੋ।

7. 'ਸਾਹਿਤਕਾਰ' ਕਵਿਤਾ ਵਿਚ ਕਵੀ ਕੀ ਕਹਿਣਾ ਚਾਹੁੰਦਾ ਹੈ?

8. 'ਖੁਲ੍ਹੇ ਮੈਦਾਨ' ਦੀ ਕਾਵਿ ਸ਼ੈਲੀ ਦੇ ਚਾਰ ਮੁੱਖ ਗੁਣ ਦੱਸੋ।

9. 'ਸੁਨੇਹੜੇ' ਅੰਮ੍ਰਿਤਾ ਪ੍ਰੀਤਮ ਦੀ ਸਾਹਿਤ ਰਚਨਾ ਦੇ ਦੂਜੇ ਪੜਾਅ ਦੀ ਰਚਨਾ ਮੰਨੀ ਗਈ ਹੈ। ਕਿਸ ਕਰਕੇ?

10. 'ਸੁਨੇਹੜੇ' ਵਿਚ ਚੇਤਰ ਮਹੀਨੇ ਬਾਰੇ ਕੁਲ ਕਿੰਨੀਆਂ ਕਵਿਤਾਵਾਂ ਹਨ ਅਤੇ ਇਨ੍ਹਾਂ ਦਾ ਕੀ ਮਹੱਤਵ ਹੈ?

11. 'ਹਾਸ਼ੀਏ ਦੇ ਹਾਸਲ' ਸਿਰਲੇਖ ਦਾ ਕੀ ਭਾਵ ਹੈ?

12. 'ਹਾਸ਼ੀਏ ਦੇ ਹਾਸਲ' ਵਿਚ ਰਾਸ਼ਟਰਵਾਦੀ ਭਾਵਨਾ ਦੀ ਕਵਿਤਾ। $12 \times 2 = 24$

———————